ਤੱਥ ਸ਼ੀਟ

# ਪਛਾਣ ਦਾ ਸਬੂਤ

## ਪਛਾਣ ਦੇ ਦਸਤਾਵੇਜਾਂ ਦਾ ਸਬੂਤ

ਵਿਕਰੋਡਜ਼ ਨੂੰ ਅਰਜ਼ੀ ਦੇਣ ਸਮੇਂ ਤੁਹਾਨੂੰ ਆਪਣੀ ਪਛਾਣ ਦੇ ਸਬੂਤਾਂ ਦੀ ਲੋੜ ਪਵੇਗੀ (ਗੱਡੀ ਨੂੰ ਰਜਿਸਟਰ ਕਰਵਾਉਣ ਜਾਂ ਤੁਹਾਡਾ ਲਾਈਸੈਂਸ ਲੈਣ ਲਈ)। ਸਹੀ ਦਸਤਾਵੇਜਾਂ ਤੋਂ ਬਿਨਾਂ ਤੁਸੀਂ ਆਪਣੀ ਅਰਜ਼ੀ ਨੂੰ ਪੂਰਾ ਭਰਨ ਤੋਂ ਅਸਮਰੱਥ ਹੋਵੋਗੇ। ਨਿਯੁਕਤੀ ਦਾ ਸਮਾਂ ਲੈਂਦੇ ਸਮੇਂ ਪੁੱਛ ਕੇ ਯਕੀਨੀ ਬਣਾਓ ਕਿ ਤੁਹਾਨੂੰ ਆਪਣੇ ਨਾਲ ਪਛਾਣ ਦੇ ਕਿਹੜੇ ਕਿਹੜੇ ਦਸਤਾਵੇਜ ਲਿਆਉਣ ਦੀ ਲੋੜ ਹੈ।

ਝੂਠੀ ਅਤੇ/ਜਾਂ ਗਲਤ ਜਾਣਕਾਰੀ ਜਾਂ ਦਸਤਾਵੇਜ ਦੇਣਾ ਗੰਭੀਰ ਅਪਰਾਧ ਹੈ ਅਤੇ ਇਸ ਵਾਸਤੇ ਤੁਹਾਨੂੰ ਜੁਰਮਾਨਾ ਜਾਂ ਜੇਲ੍ਹ ਹੋ ਸਕਦੀ ਹੈ।

## ਮੈਨੂੰ ਕਿਹੜੇ ਪਛਾਣ ਦੇ ਦਸਤਾਵੇਜਾਂ ਦੀ ਲੋੜ ਹੈ?

ਕਿਸੇ ਵੀ ਅਰਜ਼ੀ ਦੇਣ ਵਾਸਤੇ ਤੁਹਾਨੂੰ ਦੇਣਾ ਪਵੇਗਾ:

- ਸ਼੍ਰੇਣੀ A ਦਾ ਇਕ ਦਸਤਾਵੇਜ (ਸੂਚੀ ਹੇਠਾਂ ਵੇਖੋ)

**ਅਤੇ**

- ਸ਼੍ਰੇਣੀ B ਦਾ ਇਕ ਦਸਤਾਵੇਜ (ਸੂਚੀ ਅਗਲੇ ਸਫੇ ਤੇ ਵੇਖੋ)

ਇਹਨਾਂ ਵਿੱਚੋਂ ਇਕ ਦਸਤਾਵੇਜ ਉਪਰ ਤੁਹਾਡਾ ਵਿਕਟੋਰੀਆ ਦਾ ਰਿਹਾਇਸ਼ੀ ਪਤਾ ਜ਼ਰੂਰ ਹੋਣਾ ਚਾਹੀਦਾ ਹੈ। ਜੇ ਇਸ ਵਿੱਚ ਨਾ ਹੋਵੇ ਤਾਂ ਤੁਹਾਨੂੰ ਵਧੇਰੇ ਦਸਤਾਵੇਜਾਂ ਦੀ ਲੋੜ ਪਵੇਗੀ।

## ਪਛਾਣ ਦੇ ਪਰਵਾਨਤ ਦਸਤਾਵੇਜ

ਪਛਾਣ ਦੇ ਦਸਤਾਵੇਜ ਜ਼ਰੂਰੀ ਅਸਲੀ ਹੋਣੇ ਚਾਹੀਦੇ ਹਨ। ਨਕਲਾਂ ਪਰਵਾਨਤ ਨਹੀਂ ਹਨ। ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਦੇ ਦਸਤਾਵੇਜਾਂ ਦੇ ਨਾਲ ਤਸਦੀਕਸ਼ੁਦਾ ਅਨੁਵਾਦ ਦਾ ਹੋਣਾ ਵੀ ਜ਼ਰੂਰੀ ਹੈ। ਵਿਦੇਸ਼ੀ ਭਾਸ਼ਾਵਾਂ ਦੇ ਦਸਤਾਵੇਜਾਂ ਵਾਲੇ ਅਰਜ਼ੀਕਰਤਾਵਾਂ ਨੂੰ ਆਪਣੇ ਖਰਚੇ ਤੇ ਇਹਨਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਵਾਉਣਾ ਜ਼ਰੂਰੀ ਹੈ।

ਵਿਦੇਸ਼ੀ ਭਾਸ਼ਾਵਾਂ ਦੇ ਦਸਤਾਵੇਜਾਂ ਦੇ ਅਨੁਵਾਦ ਹੇਠ ਲਿਖਿਆਂ ਦੁਆਰਾ ਹੋਣੇ ਜ਼ਰੂਰੀ ਹਨ:

- ਨਾਟੀ (NAATI) ਦੇ ਪਰਵਾਨਤ (ਕਿਸੇ ਵੀ ਦਰਜੇ ਦੇ) ਅਨੁਵਾਦਕ, ਜਾਂ
- ਯੋਗ ਆਸਟ੍ਰੇਲੀਅਨ ਕੰਸਲੇਟ, ਜਾਂ
- ਸਰੋਤ ਦੇ ਦੇਸ਼ ਤੋਂ ਸਰਕਾਰੀ ਅਨੁਵਾਦਕ ਪਾਸੋਂ

## ਸ਼੍ਰੇਣੀ A ਦੇ ਦਸਤਾਵੇਜ

- ਆਸਟ੍ਰੇਲੀਅਨ ਪਾਸਪੋਰਟ (ਚਲੰਤ ਜਾਂ ਦੋ ਸਾਲ ਤੋਂ ਜ਼ਿਆਦਾ ਪਹਿਲਾਂ ਖਤਮ ਨਾ ਹੋਇਆ ਹੋਵੇ)।
- ਵਿਦੇਸ਼ੀ ਪਾਸਪੋਰਟ (ਵਿਦੇਸ਼ੀ ਪਾਸਪੋਰਟ ਜੋ ਦੋ ਸਾਲ ਤੋਂ ਜ਼ਿਆਦਾ ਪਹਿਲਾਂ ਖਤਮ ਨਾ ਹੋਇਆ ਹੋਵੇ ਪਰਵਾਨਤ ਹੈ, ਜੇ ਤੁਸੀਂ ਆਸਟ੍ਰੇਲੀਆ ਦੇ ਪੱਕੇ ਵਸਨੀਕ ਹੋਣ ਦੇ ਪੁਖਤਾ ਸਬੂਤ ਦੇ ਸਕਦੇ ਹੋ, ਜਿਵੇਂ ਕਿ ਸਥਾਈ ਜਾਂ ਵਸਨੀਕੀ ਵੀਜ਼ਾ)।
- ਆਸਟ੍ਰੇਲੀਆ ਦਾ ਜਨਮ ਸਰਟੀਫਿਕੇਟ ਜਾਂ ਜਨਮ, ਮੌਤ ਅਤੇ ਵਿਆਹ ਦੀ ਰਜਿਸਟਰੀ ਵੱਲੋਂ ਜਾਰੀ ਨਾਮ ਬਦਲਣ ਦਾ ਸਰਟੀਫਿਕੇਟ। ਜਨਮ ਸਰਟੀਫਿਕੇਟ ਦਾ ਸਾਰਾਂਸ਼ ਅਤੇ ਯਾਦਗਾਰੀ ਜਨਮ ਸਰਟੀਫਿਕੇਟ ਪਰਵਾਨਤ ਨਹੀਂ ਹਨ।
- ਪਾਸਪੋਰਟ ਦਫਤਰ ਵੱਲੋਂ ਜਾਰੀ ਪਛਾਣ ਦਾ ਦਸਤਾਵੇਜ (ਆਮ ਤੌਰ ਤੇ ਨੋਰਫੋਲਕ ਟਾਪੂ ਦੇ ਯਾਤਰੀਆਂ ਨੂੰ ਜਾਰੀ ਕੀਤੇ ਜਾਂਦੇ ਹਨ)।
- ਆਸਟ੍ਰੇਲੀਅਨ ਪੁਲੀਸ ਫੋਰਸ ਅਫਸਰ ਫੋਟੋ ਪਛਾਣ ਪੱਤਰ (ਸਿਵਲ ਸਟਾਫ ਨੂੰ ਛੱਡ ਕੇ)
- ਫੌਰਨ ਅਫ਼ੇਅਰਜ਼ ਅਤੇ ਟਰੇਡ ਵਿਭਾਗ ਵੱਲੋਂ ਜਾਰੀ ਕੌਂਸਲਰ ਫੋਟੋ ਪਛਾਣ ਪੱਤਰ।
- ਕੁਦਰਤੀ ਤੌਰ ਤੇ ਆਸਟ੍ਰੇਲੀਅਨ ਬਣਨ ਜਾਂ ਨਾਗਰਿਕ ਬਣਨ ਦੇ ਦਸਤਾਵੇਜ, ਇਮੀਗਰੇਸ਼ਨ ਤੇ ਸਿਟੀਜ਼ਨਸ਼ਿਪ ਵਿਭਾਗ ਜਾਂ ਪਾਸਪੋਰਟ ਦਫਤਰ ਵੱਲੋਂ ਆਸਟ੍ਰੇਲੀਆ ਨੂੰ ਸਫਰ ਕਰਨ ਦਾ ਦਸਤਾਵੇਜ ਜਾਂ ਵੀਜ਼ਾ ਸਬੂਤ ਕਾਰਡ।
- ਆਸਟ੍ਰੇਲੀਅਨ ਫੋਟੋ ਲਾਈਸੈਂਸ ਜਾਂ ਪਰਮਿਟ (ਫੋਟੋ ਲਾਈਸੈਂਸ ਦਾ ਅਰਥ ਆਸਟ੍ਰੇਲੀਅਨ ਫੋਟੋ ਡਰਾਈਵਰ ਲਾਈਸੈਂਸ ਜਾਂ ਫੋਟੋ ਲਰਨਰ ਪਰਮਿਟ ਜੋ ਕਿ ਚਲੰਤ ਜਾਂ ਦੋ ਸਾਲ ਤੋਂ ਜ਼ਿਆਦਾ ਪਹਿਲਾਂ ਖਤਮ ਨਾ ਹੋਇਆ ਹੋਵੇ, ਜਾਂ ਵਿਕਟੋਰੀਅਨ ਬੋਟ ਔਪਰੇਟਰ ਲਾਈਸੈਂਸ ਜਾਂ ਵਿਕਟੋਰੀਅਨ ਫਾਇਰ ਆਰਮ ਲਾਈਸੈਂਸ ਜੋ ਕਿ ਚਲੰਤ ਜਾਂ ਦੋ ਸਾਲ ਤੋਂ ਜ਼ਿਆਦਾ ਪਹਿਲਾਂ ਖਤਮ ਨਾ ਹੋਇਆ ਹੋਵੇ)।
- ਨਿਊ ਸਾਊਥ ਵੇਲਜ਼ ਫੋਟੋ ਕਾਰਡ (ਨਿਊ ਸਾਊਥ ਵੇਲਜ਼ ਆਰ ਟੀ ਏ ਵੱਲੋਂ 14 ਦਸੰਬਰ 2005 ਤੋਂ ਪਿੱਛੋਂ ਜਾਰੀ)।

**ਜਾਂ**

- ਵਿਕਰੋਡਜ਼ ਕੋਲ ਸੰਭਾਲੀ ਚਲੰਤ ਫੋਟੋ।

## ਸ਼੍ਰੇਣੀ B ਦੇ ਦਸਤਾਵੇਜ

ਇਹਨਾਂ ਦਸਤਾਵੇਜਾਂ ਵਿੱਚੋਂ ਇਕ:

- ਮੈਡੀਕੇਅਰ ਕਾਰਡ
- ਪੈਨਸ਼ਨਰ ਕਨਸੈਸ਼ਨ ਕਾਰਡ
- ਵੈਟਰਨ ਅਫ਼ੇਅਰਜ਼ ਵਿਭਾਗ ਦਾ ਕਾਰਡ
- ਕੌਮਨਵੈਲਥ ਵੱਲੋਂ ਜਾਰੀ ਚਲੰਤ ਇਖਤਿਆਰੀ ਕਾਰਡ
- ਵਿਦਿਆਰਥੀ ਪਛਾਣ ਕਾਰਡ
- ਬੈਂਕ, ਬਿਲਡਿੰਗ ਸੋਸਾਇਟੀ ਜਾਂ ਕਰੈਡਿਟ ਯੂਨੀਅਨ ਤੋਂ ਕਰੈਡਿਟ ਕਾਰਡ ਜਾਂ ਅਕਾਊਂਟ ਕਾਰਡ
- ਰਾਜ ਜਾਂ ਫ਼ੈਡਰਲ ਸਰਕਾਰ ਦੇ ਕਰਮਚਾਰੀ ਪਛਾਣ ਕਾਰਡ
- ਉਮਰ ਦੇ ਸਬੂਤ ਦੇ ਕਾਰਡ, ਕੀਅਪਾਸ ਕਾਰਡ
- ਆਸਟ੍ਰੇਲੀਅਨ ਡਿਫੈਂਸ ਫੋਰਸ ਫੋਟੋ ਪਛਾਣ ਕਾਰਡ (ਸਿਵਲ ਸਟਾਫ ਨੂੰ ਛੱਡ ਕੇ)

**ਜਾਂ**

ਇਹਨਾਂ ਦਸਤਾਵੇਜਾਂ ਵਿੱਚੋਂ ਇਕ ਜੋ ਕਿ ਚਲੰਤ ਜਾਂ ਇਕ ਸਾਲ ਤੋਂ ਜ਼ਿਆਦਾ ਪੁਰਾਣਾ ਨਾ ਹੋਵੇ:

- ਪਾਸਬੁੱਕ ਜਾਂ ਬੈਂਕ ਅਕਾਊਂਟ ਸਟੇਟਮੈਂਟ
- ਟੈਲੀਫੋਨ, ਗੈਸ ਜਾਂ ਬਿਜਲੀ ਦਾ ਬਿੱਲ

**ਜਾਂ**

ਇਹਨਾਂ ਦਸਤਾਵੇਜਾਂ ਵਿੱਚੋਂ ਇਕ, ਜੋ ਕਿ ਚਲੰਤ ਜਾਂ ਦੋ ਸਾਲ ਤੋਂ ਜ਼ਿਆਦਾ ਪੁਰਾਣਾ ਨਾ ਹੋਵੇ:

- ਵੋਟਰ ਸੂਚੀ ਕਾਰਡ
- ਫੌਜੀ ਸੇਵਾਵਾਂ ਦੇ ਸੇਵਾਮੁਕਤ ਕਾਗਜ਼
- ਕੰਜਿਊਮਰ ਅਫ਼ੇਅਰਜ਼ ਵਿਕਟੋਰੀਆ ਵੱਲੋਂ ਜਾਰੀ ਚਲੰਤ ਉਮਰ ਦੇ ਸਬੂਤ ਦਾ ਕਾਰਡ
- ਵਿਕਟੋਰੀਅਨ ਡਰਾਈਵਿੰਗ ਅਥਾਰਿਟੀ ਦਾ ਚਲੰਤ ਫੋਟੋ ਪਛਾਣ ਕਾਰਡ
- ਪਾਣੀ ਦੇ ਬਿੱਲ
- ਕੌਂਸਿਲ ਦੇ ਬਿੱਲ
- ਜ਼ਮੀਨ ਦੇ ਮੁਲਾਂਕਣ ਦਾ ਨੋਟਿਸ

## ਵਿਕਟੋਰੀਆ ਦੇ ਵਸਨੀਕ ਹੋਣ ਦਾ ਸਬੂਤ

ਜੇ ਤੁਹਾਡਾ ਵਿਕਟੋਰੀਅਨ ਰਿਹਾਇਸ਼ੀ ਪਤਾ A ਜਾਂ B ਸ਼੍ਰੇਣੀ ਦੇ ਸਬੂਤੀ ਦਸਤਾਵੇਜਾਂ ਉਪਰ **ਨਹੀਂ** ਦਰਸਾਇਆ ਗਿਆ ਜਾਂ **ਅਲੱਗ** ਹੈ ਤਾਂ ਤੁਹਾਨੂੰ ਹੇਠ ਲਿਖਿਆਂ ਵਿੱਚੋਂ **ਇਕ** ਦੀ ਲੋੜ ਪਵੇਗੀ:

- ਵੇਚਣ, ਠੇਕੇ, ਜਾਂ ਕਿਰਾਏ ਦੇ ਇਕਰਾਰਨਾਮੇ ਦੇ ਕਾਗਜ਼ ਜੋ ਤੁਹਾਡਾ ਚਲੰਤ ਪਤਾ ਵਿਖਾਉਂਦੇ ਹੋਣ
- ਡਰਾਈਵਰ ਲਾਈਸੈਂਸ ਜਾਂ ਗੱਡੀ ਦੀ ਰਜਿਸਟਰੇਸ਼ਨ ਨੂੰ ਨਵਿਆਉਣ ਦਾ ਚਲੰਤ ਨੋਟਿਸ
- ਆਸਟ੍ਰੇਲੀਅਨ ਟੈਕਸੇਸ਼ਨ ਦਫਤਰ ਦਾ ਮੁਲਾਂਕਣ (ਪਿਛਲੇ ਜਾਂ ਚਲੰਤ ਮਾਲੀ ਸਾਲ ਦਾ)।

ਜੇ ਤੁਸੀਂ ਹਾਲੇ ਵੀ ਆਪਣਾ ਵਿਕਟੋਰੀਅਨ ਰਿਹਾਇਸ਼ ਦਾ ਸਬੂਤ ਨਹੀਂ ਸਾਬਤ ਕਰ ਸਕੇ ਤਾਂ ਤੁਹਾਨੂੰ ਰੈਫਰੀ ਸਟੇਟਮੈਂਟ ਜ਼ਰੂਰੀ ਦੇਣੀ ਪਵੇਗੀ ਜਿਸ ਵਿੱਚ ਜ਼ਰੂਰੀ ਲਿਖਿਆ ਹੋਵੇ:

- ਵਿਕਟੋਰੀਅਨ ਡਰਾਈਵਰ ਲਾਈਸੈਂਸ ਧਾਰਕ ਦੁਆਰਾ ਦਸਤਖ਼ਤ ਜੋ ਕਿ ਤੁਹਾਨੂੰ 12 ਮਹੀਨਿਆਂ ਜਾਂ ਇਸ ਤੋਂ ਜ਼ਿਆਦਾ ਤੋਂ ਜਾਣਦਾ ਹੋਵੇ, ਅਤੇ
- ਤੁਹਾਡਾ ਨਾਮ ਅਤੇ ਪਤਾ ਸ਼ਾਮਲ ਹੋਵੇ, ਅਤੇ
- ਰੈਫਰੀ ਦਾ ਨਾਮ, ਲਾਈਸੈਂਸ ਨੰਬਰ ਅਤੇ ਦਸਤਖ਼ਤ

ਇਹ ਸਟੇਟਮੈਂਟ ਲਾਈਸੈਂਸ ਅਰਜ਼ੀ ਫਾਰਮ ਉਪਰ ਬਣੇਗੀ ਅਤੇ ਅਰਜ਼ੀ ਪਰਕਿਰਿਆ ਦੇ ਹਿੱਸੇ ਵਜੋਂ ਪੂਰੀ ਕੀਤੀ ਜਾਣੀ ਚਾਹੀਦੀ ਹੈ।

## ਨਾਮ ਬਦਲਣ ਦਾ ਸਬੂਤ

ਜੇ ਤੁਹਾਡਾ ਨਾਮ A ਜਾਂ B ਸ਼੍ਰੇਣੀ ਦਸਤਾਵੇਜਾਂ ਉਪਰ **ਅਲੱਗ** ਹੈ ਤਾਂ ਤੁਹਾਨੂੰ ਹੇਠ ਲਿਖਿਆਂ ਦਸਤਾਵੇਜਾਂ ਵਿੱਚੋਂ **ਇਕ** ਦੀ ਲੋੜ ਪਵੇਗੀ:

- ਜਨਮ, ਮੌਤ ਅਤੇ ਵਿਆਹ ਦੀ ਰਜਿਸਟਰੀ ਵੱਲੋਂ ਜਾਰੀ ਵਿਆਹ ਦਾ ਸਰਟੀਫਿਕੇਟ
- ਤਲਾਕ ਦੇ ਕਾਗਜ਼ (ਨਾਮ ਵਾਪਸ ਬਦਲਾਉਣਾ ਦਰਸਾਉਂਦੇ ਹੋਏ)
- ਡੀਡ ਪੋਲ (ਵਿਕਟੋਰੀਆ ਵਿੱਚ ਨਵੰਬਰ 1986 ਤੋਂ ਪਹਿਲਾਂ ਜਾਰੀ)
- ਨਾਮ ਬਦਲੀ ਦਾ ਸਰਟੀਫਿਕੇਟ (ਵਿਕਟੋਰੀਆ ਵਿੱਚ ਨਵੰਬਰ 1986 ਤੋਂ ਪਹਿਲਾਂ ਜਾਰੀ)

ਹੋਰ ਜਾਣਕਾਰੀ ਲਈ **vicroads.vic.gov.au** ਉਪਰ ਜਾਓ ਜਾਂ **13 11 71** ਤੇ ਫੋਨ ਕਰੋ ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਜਾਓ।

*ਇਸ ਤੱਥ ਸ਼ੀਟ ਵਿੱਚ ਦਿੱਤੀ ਗਈ ਜਾਣਕਾਰੀ ਪਰਕਾਸ਼ਨ ਦੇ ਸਮੇਂ ਠੀਕ ਸੀ ਅਤੇ ਬਦਲੀ ਜਾ ਸਕਦੀ ਹੈ।*

VRPIN02900 Evidence of Identity – Punjabi Authorised by VicRoads, 60 Denmark Street, Kew, 3101

vic roads

State Government Victoria